# ਘੋੜ ਦੌੜ ਜਾਰੀ ਹੈ
## ਦਾ
# ਕਥਾ-ਬੋਧ

ਸੰਪਾਦਕ
ਗੁਰਪ੍ਰੀਤ ਸਿੰਘ



# *Ghorh Daurh Jaari Hai Da Katha-Bodh*

*(Criticism) by*

**Gurpreet Singh ©**
Vill. Sangrana,
Distt. Shri Muktsar Sahib
Mob. 096466-00666

**ISBN : 978-93-82851-80-6**

**Rs. 200 /-**

**2013**

*Printing and Bound In India*

*Published by:*

**Chetna Parkashan**

PUNJABI BHAWAN, LUDHIANA (Pb.) INDIA
Ph. 0161-2413613, 2404928, Website: www.chetnaparkashan.com
E-mail: chetnaparkashan@sify.com, chetnaparkashan@gmail.com
**Sub Off.:** Qila Road, Opp. Bus Stand, **KOTKAPURA** (Pb.) INDIA
Ph.: 95011-45039

Printer : R.K. Offset, Delhi

*

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

# ਤਤਕਰਾ


ਧੰਨਵਾਦ — *-ਗੁਰਪ੍ਰੀਤ ਸਿੰਘ* — 9

ਇਸ ਪੁਸਤਕ ਬਾਰੇ — *-ਗੁਰਪ੍ਰੀਤ ਸਿੰਘ* — 10

ਰਾਜਨੀਤਕ ਖ਼ਾਹਿਸ਼ ਤੇ ਤਨਾਓ ਦਾ ਪ੍ਰਵਚਨ: ਘੋੜ ਦੌੜ ਜਾਰੀ ਹੈ — 15
*-ਪਰਮਜੀਤ ਸਿੰਘ ਢੀਂਗਰਾ (ਡਾ.)*

ਖ਼ਾਹਸ਼ਾਂ ਤੇ ਸੁਪਨਿਆਂ ਦੇ ਦਵੰਦ ਦਾ ਬਿਰਤਾਂਤ: ਝਿੰਜਣ — 20
*-ਪਰਮਜੀਤ ਸਿੰਘ ਢੀਂਗਰਾ (ਡਾ.)*

'ਘੋੜ ਦੌੜ ਜਾਰੀ ਹੈ' ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਦੇ ਮਾਨਵੀ ਸਰੋਕਾਰ — 26
*-ਜੀਤ ਸਿੰਘ ਜੋਸ਼ੀ (ਡਾ.)*

ਗੁਰਸੇਵਕ ਸਿੰਘ 'ਪ੍ਰੀਤ' ਦਾ ਕਹਾਣੀ ਸੰਗ੍ਰਹਿ 'ਘੋੜ ਦੌੜ ਜਾਰੀ ਹੈ': ਇਕ ਪੜ੍ਹਤ — 32
*-ਲੋਕਨਾਥ (ਪ੍ਰੋ.)*

ਸਮਕਾਲੀ ਸਮਾਜਿਕ ਯਥਾਰਥ ਦੀ ਪੇਸ਼ਕਾਰੀ: ਘੋੜ ਦੌੜ ਜਾਰੀ ਹੈ — 35
*-ਰਵਿੰਦਰ ਸਿੰਘ ਸੰਧੂ (ਡਾ.)*

ਵਸਤੂ ਜਗਤ ਦੇ ਬਹੁਭਾਂਤੀ ਸੱਚ ਦੀ ਸਿਰਜਣਾ: 'ਘੋੜ ਦੌੜ ਜਾਰੀ ਹੈ' — 46
*-ਜੇ.ਬੀ. ਸੇਖੋਂ (ਪ੍ਰੋ.)*

ਅਗਨ ਕਥਾ ਜਾਰੀ ਹੈ: ਨਾਰੀਵਾਦੀ ਦ੍ਰਿਸ਼ਟੀ ਇਕ ਅਧਿਐਨ — 57
*-ਜਸਪਾਲਜੀਤ (ਡਾ.)*

ਗੁਰਸੇਵਕ ਪ੍ਰੀਤ ਦੀ ਕਹਾਣੀ 'ਪ੍ਰਜ਼ੀਆ ਹਾਜ਼ਰ ਹੋਅ' ਦਾ ਅਧਿਐਨ — 63
*-ਸੁਖਰਾਜ ਧਾਲੀਵਾਲ (ਡਾ.)*

ਮਾਨਵੀ ਰਿਸ਼ਤਿਆਂ ਦੀ ਟੁੱਟ-ਭੱਜ ਦਾ ਬਿਰਤਾਂਤਕ ਪ੍ਰਵਚਨ: ਟੁੱਟੀ ਮਾਲਾ ਦੇ ਮਣਕੇ — 68
*-ਹਰਜਿੰਦਰ ਸਿੰਘ ਰਾਮਨਗਰ*

ਵਕਤ ਨੂੰ ਵਖਤ ਵਿਚ ਪਾਉਣ ਵਾਲਾ ਬਿਰਤਾਂਤ: ਜੀਣ ਜੋਗਾ 79

*-ਪਰਮਪਾਲ ਸਿੰਘ ਬਾਦਲ*

'ਅਗਨ ਕਥਾ ਜਾਰੀ ਹੈ': ਔਰਤ ਦੀ ਹੋਣੀ ਦਾ ਬਿਰਤਾਂਤਕ ਪ੍ਰਵਚਨ 86

*-ਪਰਮਿੰਦਰ ਸਿੰਘ*

ਨਿਘਾਰ ਵੱਲ ਜਾ ਰਹੀ ਪੰਜਾਬੀ ਸੰਸਕ੍ਰਿਤੀ ਦੀ ਕਹਾਣੀ: ਘੋੜ ਦੌੜ ਜਾਰੀ ਹੈ 94

*-ਰਵਿੰਦਰ ਸਿੰਘ*

ਔਰਤ ਦੀਆਂ ਬਦਲਦੀਆਂ ਸਮਾਜਿਕ ਤੇ ਮਾਨਸਿਕ ਸਥਿਤੀਆਂ
ਦਾ ਬਿਰਤਾਂਤ: ਘੋੜ ਦੌੜ ਜਾਰੀ ਹੈ *-ਗਗਨਦੀਪ ਕੌਰ* 103

ਬਹੁਪਰਤੀ ਸਮਾਜ ਵਿਚ ਉਲਝੇ ਮਾਨਵ ਦਾ ਕਹਾਣੀਕਾਰ 'ਗੁਰਸੇਵਕ ਸਿੰਘ ਪ੍ਰੀਤ' 113

*-ਗੁਰਪ੍ਰੀਤ ਸਿੰਘ*

Narration of Unbalanced Society in story book
'Ghorh Daurh Jaari Hai' ***-Harleen Kaur*** 124

ਸਮਕਾਲੀ ਰਾਜਨੀਤਕ ਅਨੈਤਿਕਤਾ ਦੀ ਪੇਸ਼ਕਾਰੀ ਘੋੜ ਦੌੜ ਜਾਰੀ ਹੈ 131

*-ਗੁਰਬਿੰਦਰ ਕੌਰ ਬਰਾੜ*

ਗੁਰਸੇਵਕ ਪ੍ਰੀਤ ਰਚਿਤ ਕਹਾਣੀ 'ਇਜਣ' ਦਾ ਵਿਸ਼ੇਗਤ ਅਧਿਐਨ 137

*-ਸੁਖਜਿੰਦਰ ਕੌਰ*

ਘੋੜ ਦੌੜ ਜਾਰੀ ਹੈ: ਇਕ ਪਾਠਕੀ ਪੜ੍ਹਤ *-ਜਸਪਾਲਜੋਤ (ਡਾ.)* 142

ਸਿਆਸੀ ਤਿਕੜਮ-ਬਾਜ਼ੀਆਂ ਦੀ ਬਿਰਤਾਂਤਕਾਰੀ : ਘੋੜ ਦੌੜ ਜਾਰੀ ਹੈ 149

*-ਹਰਜਿੰਦਰ ਸਿੰਘ ਰਾਮਨਗਰ*

# ਸਿਆਸੀ ਤਿਕੜਮ-ਬਾਜ਼ੀਆਂ ਦੀ ਬਿਰਤਾਂਤਕਾਰੀ : ਘੋੜ ਦੌੜ ਜਾਰੀ ਹੈ

-ਹਰਜਿੰਦਰ ਸਿੰਘ ਰਾਮਨਗਰ

'ਘੋੜ ਦੌੜ ਜਾਰੀ ਹੈ' ਗੁਰਸੇਵਕ ਸਿੰਘ ਪ੍ਰੀਤ ਦੀ ਬਹੁ-ਚਰਚਿਤ ਯਥਾਰਥਵਾਦੀ ਕਹਾਣੀ ਹੈ। 'ਪ੍ਰੀਤ' ਇਸ ਕਹਾਣੀ ਵਿਚ ਸਮਕਾਲੀ ਪੰਜਾਬ ਦੇ ਪੇਂਡੂ ਧਰਾਤਲ 'ਤੇ ਕਾਰਜਸ਼ੀਲ ਬਹੁ-ਪਰਤੀ ਤੇ ਬਹੁ-ਭਾਂਤੀ ਜੀਵਨ-ਯਥਾਰਥ ਦਾ ਬਿਰਤਾਂਤਕ ਰੁਪਾਂਤਰਣ ਕਰਦਾ ਹੈ। ਬਿਰਤਾਂਤਕ ਰੁਪਾਂਤਰਣ ਦੀ ਸਿਰਜਣ ਪ੍ਰਕਿਰਿਆ ਵਿਚ ਪਈ ਇਹ ਕਹਾਣੀ ਪੇਂਡੂ ਜੀਵਨ ਯਥਾਰਥ ਦੇ ਝਰੋਖੇ ਵਿਚੋਂ ਪੰਜਾਬ ਦੀ ਗੰਧਲੀ ਰਾਜਨੀਤੀ ਦੀਆਂ ਘਿਨਾਉਣੀਆਂ ਤਿਕੜਮ-ਬਾਜ਼ੀਆਂ ਨੂੰ ਆਪਣੇ ਫ਼ੋਕਸ ਵਿਚ ਰਖਦੀ ਹੈ। ਇਹ ਕਹਾਣੀ ਸਮੱਗਰ ਰੂਪ ਵਿਚ ਇਹ ਮੁੱਦਾ ਉਠਾਉਂਦੀ ਹੈ ਕਿ ਕਿਵੇਂ ਪੰਜਾਬ ਦੇ ਪੇਂਡੂ ਸਮਾਜਚਾਰੇ ਵਿਚ ਆਖੌਤੀ ਸਵਰਨ ਜਾਤੀਆਂ ਦੇ ਭ੍ਰਿਸ਼ਟ ਰਾਜਨੀਤਕ ਲੀਡਰ ਆਪਣੀਆਂ ਸਿਆਸੀ ਤਿਕੜਮ-ਬਾਜ਼ੀਆਂ ਕਾਰਨ ਦਲਿਤ ਵਰਗਾਂ ਨੂੰ ਆਪਣੇ ਵੋਟ ਬੈਂਕ ਵਜੋਂ ਵੇਖਦੇ ਹੀ ਨਹੀਂ ਸਗੋਂ ਵਰਤਦੇ ਵੀ ਹਨ। ਪੰਜਾਬ ਦੇ ਪਿੰਡਾਂ ਵਿਚ ਆਖੌਤੀ ਸਵਰਨ ਜਾਤੀ ਜੱਟ ਦਲਿਤ ਵਰਗਾਂ ਦੇ ਬੰਦਿਆਂ ਨੂੰ ਇਨਸਾਨ ਵਜੋਂ ਨਹੀਂ ਸਗੋਂ 'ਵੋਟਾਂ' ਵਜੋਂ ਵੇਖਦੇ ਹਨ। ਇਸੇ ਕਰਕੇ ਉਨ੍ਹਾਂ ਦੇ ਰਿਸ਼ਤੇ ਦਲਿਤ ਵਰਗਾਂ ਨਾਲ ਭਾਵੁਕਤਾ ਦੇ ਨਹੀਂ ਸਗੋਂ ਸਿਆਸਤ ਤੋਂ ਪ੍ਰੇਰਿਤ ਨਜ਼ਰ ਆਉਂਦੇ ਹਨ। ਕੋਝੀਆਂ ਸਿਆਸੀ ਤਿਕੜਮ-ਬਾਜ਼ੀਆਂ ਦੇ ਵੇਗ ਦੇ ਅੰਤਰਗਤ ਹੀ ਪੰਜਾਬੀ ਸਭਿਆਚਾਰਕ ਯਥਾਰਥ ਵਿਚ ਜੱਟਵਾਦੀ ਕਲਚਰ ਭਾਰੂ ਹੋਣ ਅਤੇ ਜੱਟਵਾਦੀ ਹਉਂ ਕਾਰਨ ਮਜ਼ਦੂਰਾਂ ਅਤੇ ਕਿਸਾਨਾਂ ਦੇ ਭਾਵੁਕ ਰਿਸ਼ਤੇ ਤਿੜਕੇ ਹਨ। ਦਲਿਤਾਂ ਅਤੇ ਹਾਸ਼ੀਆਕ੍ਰਿਤਾਂ ਨੂੰ ਸਹੀ ਸਮਾਜਕ ਤੇ ਰਾਜਨੀਤਕ ਸਪੇਸ ਨਾ ਮਿਲਣ ਕਾਰਨ ਇਨ੍ਹਾਂ ਵਰਗਾਂ ਅੰਦਰਲੀ ਅਵਚੇਤਨੀ ਪੱਧਰ 'ਤੇ ਆਕ੍ਰੋਸ਼ ਪੈਦਾ ਹੋਇਆ ਹੈ। ਆਤਮ ਗਿਲਾਨੀ ਅਤੇ ਆਪਣੀ ਹੋਂਦ ਦੇ ਬੇਮਾਇਨਾ ਹੋਣ ਦੇ ਨਾਲ-ਨਾਲ ਮਾਨਵੀ ਗੌਰਵ ਖੁਸ ਜਾਣ ਕਾਰਨ ਤਣਾਉਯੁਕਤ ਸਥਿਤੀਆਂ ਵਿਚ ਮਾਨਸਿਕ ਵਿਸ਼ਾਦ ਭੋਗ ਰਹੇ ਇਹ ਵਰਗ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਸਿੱਖ ਸਿਆਸਤ ਅਤੇ ਸਿੱਖ ਸੰਸਥਾਵਾਂ ਉਪਰ ਜੱਟਵਾਦੀ ਧਾਰਮਿਕ ਅਜਾਰੇਦਾਰੀ ਕਾਰਨ

ਦਲਿਤਾਂ ਨਾਲ ਹੁੰਦੇ ਅਸ਼ਿਸ਼ਟ ਵਿਵਹਾਰ ਅਤੇ ਜਾਤੀਵਾਦੀ ਕੱਟੜਤਾ ਨੇ ਸਪੇਸ ਦੁੱਗਣੀ ਕੀਤੀ ਹੈ।[1] ਇਸੇ ਸਪੇਸ ਵਿਚਲੇ ਖਲਾਅ ਵਿਚੋਂ ਪੰਜਾਬ ਦੇ ਪਿੰਡਾਂ ਵਿਚ ਵਸਦੇ ਦਲਿਤ ਵਰਗਾਂ ਦੇ ਸੰਕਟਾਂ ਵਿਚ ਢੇਰ ਵਾਧਾ ਹੋਇਆ ਹੈ। ਅਤਿ-ਦੁਖਾਂਤਿਕ ਸੰਕਟਾਂ ਨਾਲ ਦੋ-ਚਾਰ ਹੁੰਦੇ ਦਲਿਤ ਵਰਗ ਦੇ ਬੰਦੇ ਇਸ ਕਹਾਣੀ ਦੇ ਕੇਂਦਰ ਵਿਚ ਕਸ਼ਟ ਭੋਗਦੇ ਨਜ਼ਰ ਆਉਂਦੇ ਹਨ। ਇਹ ਕਹਾਣੀ ਪੇਂਡੂ ਖੇਤ ਮਜ਼ਦੂਰਾਂ ਦੇ ਇਕਹਿਰੇ ਸਮਾਜਕ ਸ਼ੋਸ਼ਣ ਦੀ ਬਜਾਏ ਉਨ੍ਹਾਂ ਦੇ ਬਹੁ-ਪਰਤੀ ਸਮਾਜਕ-ਸਭਿਆਚਾਰਕ, ਮਾਨਸਿਕ, ਆਰਥਿਕ ਅਤੇ ਰਾਜਨੀਤਕ ਸ਼ੋਸ਼ਣ ਦੇ ਯਥਾਰਥ ਦੇ ਬਿਰਤਾਂਤਕ ਰੁਪਾਂਤਰਣ ਨੂੰ ਆਪਣਾ ਰਚਨਾਤਮਕ ਸਰੋਕਾਰ ਬਣਾਉਂਦੀ ਹੈ। ਪੰਜਾਬ ਦੇ ਪੇਂਡੂ ਜੀਵਨ ਯਥਾਰਥ ਨੂੰ ਜ਼ਮੀਨੀ ਪੱਧਰ ਤੋਂ ਪਾਠਕ ਦੇ ਸਨਮੁਖ ਕਰਨ ਲਈ ਕਹਾਣੀ ਸਰਬ-ਗਿਆਤਾ ਬਿਰਤਾਂਤਕਾਰ ਦੀ ਬਿਰਤਾਂਤਕ ਵਿਧੀ ਨੂੰ ਅਪਣਾਉਂਦੀ ਹੋਈ ਜਟਿਲ ਤੋਂ ਜਟਿਲਤਰ ਬਿਰਤਾਂਤ ਦੀ ਧਾਰਨੀ ਹੋ ਨਿਬੜਦੀ ਹੈ। ਪਿੱਛਲਝਾਤ ਦੀ ਬਿਰਤਾਂਤਕ ਜੁਗਤ ਰਾਹੀਂ ਇਹ ਕਹਾਣੀ ਵਰਤਮਾਨ ਤੋਂ ਸ਼ੁਰੂ ਹੋ ਕੇ ਭੂਤਕਾਲ ਵਿਚ ਫੈਲਦੀ ਹੈ ਤੇ ਫਿਰ ਵਰਤਮਾਨ ਵਿਚ ਆ ਕੇ ਬਿਰਤਾਂਤਕ ਚੱਕਰ ਪੂਰਾ ਕਰਦੀ ਹੈ।

'ਘੋੜ ਦੌੜ ਜਾਰੀ ਹੈ' ਕਹਾਣੀ ਪੇਂਡੂ ਸਮਾਜ ਵਿਚਲੀਆਂ ਉਨ੍ਹਾਂ ਕਰੂਰ ਸਥਿਤੀਆਂ ਨੂੰ ਸਮੱਗਰ ਰੂਪ ਵਿਚ ਪੇਸ਼ ਕਰਦੀ ਹੈ ਜਿਹੜੀਆਂ ਦਲਿਤ ਵਰਗਾਂ ਦੀ ਹੋਣੀ ਬਣ ਗਈਆਂ ਜਾਪਦੀਆਂ ਹਨ। ਪੰਜਾਬ ਦੇ ਪੇਂਡੂ ਸਮਾਜ ਵਿਚ ਹਾਸ਼ੀਏ 'ਤੇ ਵਿਚਰ ਰਹੇ ਗੁਰਬਾਜ ਵਰਗੇ ਦਲਿਤ ਬੰਦੇ ਰਾਜਨੀਤਕ ਗਲਿਆਰਿਆਂ ਰਾਹੀਂ ਹਾਸ਼ੀਏ ਤੋਂ ਕੇਂਦਰ ਵਿਚ ਆਉਣ ਦਾ ਯਤਨ ਕਰਦੇ ਹਨ ਪਰ ਸਥਿਤੀਆਂ/ ਪ੍ਰਸਥਿਤੀਆਂ ਉਨ੍ਹਾਂ ਦੇ ਵਿਰੋਧ ਵਿਚ ਭੁਗਤਦੀਆਂ ਹਨ। ਫਿਰ ਵੀ ਉਹ ਹਰ ਸ਼ੈਅ ਦਾਅ 'ਤੇ ਲਾ ਕੇ ਸੱਤਾ ਵਿਚ ਸ਼ਰੀਕ ਹੋਣਾ ਲੋਚਦੇ ਹਨ। ਪਰ ਸਥਿਤੀ ਦੀ ਵਿਡੰਬਣਾ ਇਹ ਹੈ ਕਿ ਪੰਜਾਬ ਵਿਚ ਸੱਤਾ 'ਤੇ ਕਾਬਜ਼ ਆਖੌਤੀ ਸਵਰਨ ਜਾਤੀ ਜੱਟਾਂ ਲਈ ਇਹ ਸਹਿਣਯੋਗ ਨਹੀਂ ਕਿ ਦਲਿਤ ਸੱਤਾ 'ਤੇ ਕਾਬਜ਼ ਹੋਣ। ਜੇ ਦਲਿਤ ਰਾਜਨੀਤੀ ਵਿਚ ਸਰਗਰਮ ਹੋ ਵੀ ਜਾਣ ਤਾਂ ਜੱਟ ਵਰਗ ਨੂੰ ਆਪਣੀ ਹਸਤੀ ਖੁਰਦੀ ਨਜ਼ਰ ਆਉਂਦੀ ਹੈ। ਉਹ ਦਲਿਤਾਂ ਨੂੰ ਹਮੇਸ਼ਾ ਆਪਣੇ ਹਰ ਤਰ੍ਹਾਂ ਦੇ ਸ਼ੋਸ਼ਣ ਦਾ ਸ਼ਿਕਾਰ ਬਣਾਈ ਰੱਖਣਾ ਚਾਹੁੰਦੇ ਹਨ। ਅਜਿਹਾ ਕਰਨ ਲਈ ਉਹ ਹਰ ਹਰਬਾ ਵਰਤਦੇ ਹਨ। ਪਿੰਡਾਂ ਵਿਚ ਵਸਦੇ ਦਲਿਤਾਂ ਦੇ ਸ਼ੋਸ਼ਣ ਦਾ ਵੱਡਾ ਕਾਰਨ ਉਨ੍ਹਾਂ ਦਾ ਆਰਥਕ ਤੌਰ 'ਤੇ ਭੂਮੀ ਦੇ ਮਾਲਕ ਜੱਟਾਂ 'ਤੇ ਨਿਰਭਰ ਹੋਣਾ ਹੈ। ਇਸ ਕਰਕੇ ਪੰਜਾਬ ਵਿਚ ਪੇਂਡੂ ਧਰਾਤਲ 'ਤੇ ਦਲਿਤ ਮਨੁੱਖ ਦੇ ਸ਼ੋਸ਼ਣ ਦਾ ਮਸਲਾ ਕੇਵਲ ਸਮਾਜਕ ਨਾ ਹੋ ਕੇ ਆਰਥਕ ਵਧੇਰੇ ਨਜ਼ਰ ਆਉਂਦਾ ਹੈ। ਪੰਜਾਬ ਦੀ ਜਮਾਤੀ ਵੰਡ ਵਿਚ ਤੇ ਵਿਸ਼ੇਸ਼ ਕਰ ਪੇਂਡੂ ਧਰਾਤਲ ਉਪਰ ਦਲਿਤ ਹੀ ਅਜਿਹਾ ਪ੍ਰਮਾਣਿਕ ਪ੍ਰੋਲਤਾਰੀ

ਬਣਦਾ ਹੈ ਜਿਸ ਕੋਲ ਆਪਣੇ ਹੱਥਾਂ ਦੀ ਕਿਰਤ ਨੂੰ ਵੇਚਣ ਤੋਂ ਇਲਾਵਾ ਹੋਰ ਕੋਈ ਜਾਇਦਾਦ ਨਹੀਂ ਜਿਸ ਵਿਚੋਂ ਉਹ ਆਪਣੀ ਰੋਜ਼ੀ-ਰੋਟੀ ਕਮਾ ਸਕੇ।[12] ਰੋਜ਼ੀ-ਰੋਟੀ ਦਾ ਜੁਗਾੜ ਕਰਦਾ-ਕਰਦਾ ਦਲਿਤ ਵਰਗ ਅਤਿ-ਦੁਖਾਂਤਿਕ ਸਥਿਤੀਆਂ ਦੇ ਮੱਕੜਜਾਲ ਵਿਚ ਫਸ ਜਾਂਦਾ ਹੈ। ਰਾਜਨੀਤਕ ਲੋਕਾਂ ਲਈ ਦਲਿਤ ਮਹਿਜ ਇਕ 'ਵੋਟ' ਤੋਂ ਸਿਵਾ ਹੋਰ ਕੁਝ ਵੀ ਨਹੀਂ। ਅਧਿਐਨ ਦਾ ਮਰਕਜ਼ ਬਣੀ ਕਹਾਣੀ ਵਿਚ ਵੀ ਅਸੀਂ ਵੇਖਦੇ ਹਾਂ ਕਿ ਬਖਤੌਰ ਸਿੰਘ ਨੰਬਰਦਾਰ ਬਲਵੰਤ ਸਿੰਘ ਸਮੁੰਦਰੀ ਦੀ ਪਾਰਟੀ ਦਾ ਪੇਂਡੂ ਲੀਡਰ ਹੈ। ਉਹ ਅਜੋਕੇ ਭ੍ਰਿਸ਼ਟ ਰਾਜਨੀਤਕ ਨੇਤਾਵਾਂ ਦੀ ਮੂੰਹ ਬੋਲਦੀ ਤਸਵੀਰ ਹੈ। ਉਹ ਵੀ ਬਹੁਤੇ ਰਾਜਨੀਤਕ ਨੇਤਾਵਾਂ ਵਾਂਗ ਰਾਜਨੀਤੀ ਵਿਚ ਪੈਸਾ ਕਮਾਉਣ ਦੇ ਆਸ਼ੇ ਨਾਲ ਹੀ ਆਇਆ ਹੈ। ਉਹ ਆਖਦਾ ਹੈ:

> *"ਅੱਜ ਕਲ੍ਹ ਰਾਜਨੀਤੀ ਧੰਦਾ ਬਣ ਗਈ ਆ। ਪੈਸਾ ਲਾਓ ਪੈਸਾ ਕਮਾਓ। ਇਥੇ ਡੁੱਸ-ਡੁੱਸ ਕਰਨ ਵਾਲੇ ਦਾ ਕੋਈ ਕੰਮ ਨਹੀਂ। ਬੋਲੀ ਲਾਓ ਸੌਦਾ ਖਰੀਦੋ। ਹਿੰਮਤ ਚਾਹੀਦੀ ਆ। ਸੇਵਾ-ਸੂਵਾ ਤਾਂ ਐਵੇਂ ਕਹਿਣ ਦੀਆਂ ਗੱਲਾਂ ਨੇ।"* *(ਘੋੜ ਦੌੜ ਜਾਰੀ ਹੈ, ਪੰਨਾ-106)*

ਇਉਂ ਕਹਾਣੀ ਇਨ੍ਹਾਂ ਬਿਰਤਾਂਤਕ ਵੇਰਵਿਆਂ ਰਾਹੀਂ ਅਜੋਕੀ ਰਾਜਨੀਤੀ ਦੇ ਅਸਲੀ ਕਿਰਦਾਰ ਨੂੰ ਪੇਸ਼ ਕਰਦੀ ਹੈ ਜਿਹੜੀ ਲੋਕ ਸੇਵਾ ਨਾ ਰਹਿ ਕੇ ਇਕ ਬਿਜ਼ਨਿਸ ਬਣ ਗਈ ਹੈ ਜਿਸ ਵਿਚ ਲਾਭ ਹੀ ਲਾਭ ਹੈ। ਭਾਰਤ ਦੇ ਅਖੌਤੀ ਲੋਕਤੰਤਰ ਵਿਚ ਤਾਂ ਰਾਜਨੀਤੀ ਹੈ ਹੀ ਪੂੰਜੀਪਤੀਆਂ ਦੀ ਰਖੇਲ, ਜਿਸ ਨੂੰ ਉਹ ਜਿਵੇਂ ਚਾਹੁੰਦੇ ਹਨ ਆਪਣੇ ਹੱਕ ਵਿਚ ਭੁਗਤਾਉਂਦੇ ਹਨ। ਭਾਰਤ ਦੇ ਅੱਸੀ ਫ਼ੀਸਦੀ ਗ਼ਰੀਬ ਲੋਕ ਉਨ੍ਹਾਂ ਲਈ ਕੀੜੇ ਮਕੌੜੇ ਹੀ ਹਨ ਜਿਨ੍ਹਾਂ ਨੂੰ ਹਰ ਸੰਭਵ ਯਤਨ ਕਰਕੇ ਸਦੀਆਂ ਤੋਂ ਨਰਕ ਦੇ ਭਾਗੀ ਹੀ ਬਣਾਇਆ ਜਾਂਦਾ ਰਿਹਾ ਹੈ। ਆਰਥਕ ਪੱਖੋਂ ਹੀਣੇ ਦਲਿਤ ਵਰਗ ਹਰ ਤਰ੍ਹਾਂ ਦੇ ਗਿਆਨ ਤੋਂ ਵਿਹੂਣੇ ਰਹਿੰਦੇ ਹਨ। ਅਗਿਆਨਤਾ ਦੀ ਦਲਦਲ ਵਿਚ ਗ੍ਰੱਸੇ ਦਲਿਤ ਵਰਗ ਰਾਜਨੀਤਕ ਨੇਤਾਵਾਂ ਦੇ ਝੂਠੇ ਵਾਇਦਿਆਂ ਨੂੰ ਸੱਚ ਸਮਝ ਕੇ ਭ੍ਰਾਂਤੀ ਦੀ ਜੂਨ ਕਟਦੇ ਰਹਿੰਦੇ ਹਨ। ਇਸ ਕਹਾਣੀ ਦਾ ਪਾਤਰ ਨੰਬਰਦਾਰ ਵੀ ਆਪਣੇ ਪਿੰਡ ਦੇ ਦਲਿਤ ਵਰਗਾਂ ਨੂੰ ਆਪਣੀਆਂ ਵੋਟਾਂ 'ਚ ਤਬਦੀਲ ਕਰਨ ਲਈ ਸਿਆਸੀ ਤਿਕੜਮ-ਬਾਜ਼ੀਆ ਚਲਦਾ ਹੈ। ਇਸ ਪ੍ਰਸੰਗ ਵਿਚ ਕਹਾਣੀ ਦੇ ਅਗਲੇ ਬਿਰਤਾਂਤਕ ਵੇਰਵੇ ਧਿਆਨ ਦੀ ਮੰਗ ਕਰਦੇ ਹਨ:

> *"ਉਹ ਵਿਹੜੇ ਵਾਲਿਆਂ ਨੂੰ ਕਾਬੂ ਕਰਨ ਲਈ ਉਨ੍ਹਾਂ ਨੂੰ ਚੋਰੀ-ਚਕਾਰੀ ਤੇ ਭੁੱਕੀ ਪੋਸਤ ਵੇਚਣ ਦੇ ਦੋਸ਼ਾਂ 'ਚ ਥਾਣੇ ਫੜਾ ਦਿੰਦੇ। ਪੁਲਿਸ*

*ਕਈ-ਕਈ ਦਿਨ ਛਿੱਤਰ ਪਰੇਡ ਕਰੀ ਜਾਂਦੀ। ਵਿਹੜੇ ਵਾਲੇ ਉਹਦੀਆਂ ਮਿੰਨਤਾਂ ਕਰਦੇ... ਪਹਿਲੇ ਦਿਨ ਬਾਪੂ, ਦੂਜੇ ਦਿਨ ਮਾਂ, ਫਿਰ ਘਰਵਾਲੀ, ਫਿਰ ਭੈਣ.. ਧੀ... ਤੇ ਫਿਰ...।"* *(ਉਹੀ, ਪੰਨਾ-106)*

ਇਹ ਬਿਰਤਾਂਤਕ ਵੇਰਵੇ ਪੰਜਾਬ ਦੇ ਪਿੰਡਾਂ ਵਿਚਲੇ ਵਿਹੜਿਆਂ ਵਿਚ ਵਸਦੇ ਦਲਿਤ ਲੋਕਾਂ ਦੀ ਦਾਸਤਾਨ ਨੂੰ ਅਵਚੇਤਨੀ ਧਰਾਤਲ ਤੋਂ ਪਾਠਕ ਦੇ ਸਨਮੁਖ ਕਰਦੇ ਹਨ। ਕਹਾਣੀ ਸੰਕੇਤਕ ਰੂਪ ਵਿਚ ਦਰਸਾਉਂਦੀ ਹੈ ਕਿ ਕਿਵੇਂ ਪਿੰਡਾਂ ਵਿਚ ਆਰਥਕ ਤੌਰ 'ਤੇ ਸੰਪੰਨ ਜੱਟ ਵਰਗ ਆਪਣੇ ਰਾਜਨੀਤਕ ਤੇ ਹੋਰ ਕਈ ਤਰ੍ਹਾਂ ਦੇ ਨਿੱਜੀ ਮੁਫ਼ਾਦਾਂ ਲਈ ਦਲਿਤਾਂ ਨੂੰ ਮਾਨਵੀ ਗੌਰਵ ਤੋਂ ਹੀਣਾ ਹੀ ਨਹੀਂ ਕਰਦਾ ਸਗੋਂ ਨਰਕ ਵਰਗੀ ਜੂਨ ਕੱਟਣ ਲਈ ਵੀ ਮਜ਼ਬੂਰ ਕਰ ਦਿੰਦਾ ਹੈ। ਨੰਬਰਦਾਰ ਵਰਗੇ ਧਨੀ ਜੱਟ ਪਿੰਡਾਂ ਵਿਚਲੇ ਦਲਿਤ ਵਰਗਾਂ ਦਾ ਆਰਥਕ, ਸਮਾਜਕ ਤੇ ਰਾਜਨੀਤਕ ਸ਼ੋਸ਼ਣ ਹੀ ਨਹੀਂ ਕਰਦੇ ਸਗੋਂ ਉਨ੍ਹਾਂ ਨੂੰ ਹਰ ਪੱਖੋਂ ਹੀਣਾ ਕਰਕੇ ਉਨ੍ਹਾਂ ਦੀਆਂ ਬਹੂ-ਬੇਟੀਆਂ ਨੂੰ ਆਪਣੀ ਹਵਸ ਦਾ ਸ਼ਿਕਾਰ ਵੀ ਬਣਾਉਂਦੇ ਹਨ। ਇਹ ਸਿਲਸਿਲਾ ਸਦੀਆਂ ਤੋਂ ਥੋੜ੍ਹੇ ਬਹੁਤੇ ਫ਼ਰਕ ਨਾਲ ਜਿਉਂ ਦਾ ਤਿਉਂ ਚਲ ਰਿਹਾ ਹੈ। ਕਹਾਣੀ ਵਿਚ ਅਸੀਂ ਦੇਖਦੇ ਹਾਂ ਕਿ ਦਲਿਤ ਵਰਗਾਂ ਨੂੰ ਕੋਝੀਆਂ ਚਾਲਾਂ ਚਲ ਕੇ ਆਰਥਕ, ਸਮਾਜਕ ਤੇ ਸਭਿਆਚਾਰਕ ਪੱਖੋਂ ਏਨਾ ਹੀਣਾ ਬਣਾ ਦਿੱਤਾ ਜਾਂਦਾ ਹੈ ਕਿ ਉਹ ਚਾਹੁੰਦੇ ਹੋਏ ਵੀ ਨੰਬਰਦਾਰ ਵਰਗੇ ਮਾੜੇ ਲੋਕਾਂ ਦਾ ਵਿਰੋਧ ਨਹੀਂ ਕਰ ਸਕਦੇ। ਜੇ ਵਿਰੋਧ ਕਰਨ ਦਾ ਹੀਆ ਕਰਦੇ ਵੀ ਹਨ ਤਾਂ ਉਨ੍ਹਾਂ 'ਤੇ ਝੂਠੇ ਪੁਲਿਸ ਕੇਸ ਬਣਵਾ ਕੇ ਜੇਲ੍ਹ ਵਿਚ ਸੜਨ ਲਈ ਮਜ਼ਬੂਰ ਕਰ ਦਿੱਤਾ ਜਾਂਦਾ ਹੈ। ਕਹਾਣੀ ਇੱਥੇ ਪੁਲਿਸ ਪ੍ਰਬੰਧ 'ਤੇ ਕਟਾਖ਼ਸ਼ ਕਰਦੀ ਨਜ਼ਰ ਆਉਂਦੀ ਹੈ। ਪੁਲਿਸ ਵੀ ਆਪਣਾ ਅਸਲੀ ਕਰਤੱਵ ਭੁਲਾ ਕੇ ਰਾਜਨੀਤਕ ਨੇਤਾਵਾਂ ਦਾ ਹੱਥਠੋਕਾ ਬਣ ਜਾਂਦੀ ਹੈ ਤੇ ਹਮੇਸ਼ਾ ਉਨ੍ਹਾਂ ਦੇ ਹੱਕ ਵਿਚ ਭੁਗਤਦੀ ਹੈ। ਪੁਲਿਸ ਦੀ ਮਦਦ ਨਾਲ ਹੀ ਨੰਬਰਦਾਰ ਵਰਗੇ ਦਲਿਤ ਨੌਜਵਾਨਾਂ ਨੂੰ ਝੂਠਿਆਂ ਕੇਸਾਂ ਵਿਚ ਫਸਾ ਕੇ, ਨਸ਼ਿਆਂ ਦੇ ਆਦੀ ਬਣਾ ਕੇ ਉਨ੍ਹਾਂ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਨਿਪੁੰਸਕ ਹੀ ਨਹੀਂ ਬਣਾਉਂਦੇ ਸਗੋਂ ਨਸ਼ਿਆਂ ਦੀ ਬਲੈਕ ਵੀ ਕਰਵਾਉਂਦੇ ਹਨ। ਬਲੈਕ ਤੋਂ ਹੁੰਦੀ ਕਮਾਈ ਰਾਜਨੀਤਕ ਨੇਤਾ ਤੇ ਪੁਲਿਸ ਰਲ-ਮਿਲ ਕੇ ਹੜੱਪ ਲੈਂਦੇ ਹਨ।

*"ਥਾਣਿਓਂ ਛੁਡਾਏ ਮੁੰਡੇ ਨੰਬਰਦਾਰ ਦੇ ਖੇਤਾਂ ਵਿਚ ਵਗਾਰ ਕਰਦੇ। ਉਨ੍ਹਾਂ ਲਈ ਹਵਾਲਾਤ ਤੇ ਨੰਬਰਦਾਰ ਦੇ ਖੇਤਾਂ ਵਿਚ ਕੋਈ ਫ਼ਰਕ ਨਹੀਂ ਸੀ। ਉਹੀ ਗਾਹਲਾਂ। ਉਹੀ ਜੁੱਤੀਆਂ। ਫ਼ਰਕ ਸੀ ਤਾਂ ਰਾਤ ਨੂੰ*

*ਆਪਣੇ ਜਵਾਕਾਂ ਕੋਲ ਪੈਣ ਦਾ ਸੁਖ। ਨੰਬਰਦਾਰ ਨੇ ਐਸੇ ਚੱਕਰ ਵਿਚ ਵਿਹੜੇ ਵਾਲੇ ਕਈ ਮੁੰਡਿਆਂ ਨੂੰ ਅਫੀਮ ਵੇਚਣ ਤੇ ਦਾਰੂ ਕੱਢਣ ਲਾ ਦਿੱਤਾ। ਆਪ ਰੱਜ ਕੇ ਕਮਾਈ ਕਰਦਾ। ਖੁੰਡ ਚਰਚਾ ਤਾਂ ਇਹ ਵੀ ਸੀ ਕਿ ਹਿਸਾ ਕਾਕਾ ਜੀ (ਮੰਤਰੀ ਦਾ ਮੁੰਡਾ) ਨੂੰ ਵੀ ਦਿੰਦੈ।" (ਉਹੀ, ਪੰਨਾ-106)*

ਇਸ ਤਰ੍ਹਾਂ ਇਹ ਕਹਾਣੀ ਅਜੋਕੇ ਰਾਜਨੀਤਕ ਲੀਡਰਾਂ ਦੇ ਅਸਲੀ ਚਿਹਰਿਆਂ ਨੂੰ ਪਾਠਕਾਂ ਦੇ ਸਾਹਮਣੇ ਨੰਗਾ ਹੀ ਨਹੀਂ ਕਰਦੀ ਸਗੋਂ ਇਹ ਵੀ ਦਰਸਾਉਂਦੀ ਹੈ ਕਿਵੇਂ ਇਹ ਭੋਲੇ-ਭਾਲੇ, ਤੰਗੀਆਂ-ਤੁਰਸ਼ੀਆਂ 'ਚ ਪਰੁੰਨੇ ਦਲਿਤ ਲੋਕਾਂ ਨੂੰ ਆਪਣੇ ਜਾਲ ਵਿਚ ਫਸਾ ਕੇ ਆਪ ਮੋਟੀਆਂ ਕਮਾਈਆਂ ਕਰਦੇ ਹਨ। ਇਸ ਕਹਾਣੀ ਦੇ ਦਲਿਤ ਪਾਤਰ 'ਗੈਬੇ' ਤੇ 'ਤਾਰੀ' ਨਾਲ ਵੀ ਨੰਬਰਦਾਰ ਤੇ 'ਕਾਕਾ ਜੀ' ਅਜਿਹਾ ਹੀ ਕਰਦੇ ਹਨ। ਗੈਬਾ ਤੇ ਤਾਰੀ 'ਕਾਕੇ' ਲਈ ਬਲੈਕ ਕਰਦੇ ਫੜੇ ਜਾਂਦੇ ਹਨ ਤੇ ਅਦਾਲਤ ਵਿਚ ਉਨ੍ਹਾਂ ਨੂੰ ਲੰਬੀ ਸਜ਼ਾ ਹੋ ਜਾਂਦੀ ਹੈ। ਉਨ੍ਹਾਂ ਦੇ ਘਰ-ਪਰਿਵਾਰ ਸਭ ਕੁਝ ਉਜੜ ਜਾਂਦਾ ਹੈ। ਜਦੋਂ ਇਸ ਸਭ ਲਈ ਗੁਰਬਾਜ ਸਿੰਘ, ਕਾਕਾ ਜੀ ਕੋਲ ਨੰਬਰਦਾਰ ਨੂੰ ਦੋਸ਼ੀ ਠਹਿਰਾਉਂਦਾ ਹੈ ਤਾਂ ਅੱਗੋਂ ਕਾਕਾ ਆਖਦਾ ਹੈ:

*"ਸਿਆਸਤ ਵਿਚ ਇੰਨਾ ਕੁ ਤਾਂ ਚਲਦਾ ਹੀ ਰਹਿੰਦੈ ਗੁਰਬਾਜ ਸਿਹਾਂ। ਵੋਟਾਂ ਕਾਬੂ ਰਹਿਣੀਆਂ ਚਾਹੀਦੀਆਂ ਹਨ ਭਾਵੇਂ ਕਿਵੇਂ ਰਹਿਣ। ਤੈਨੂੰ ਨਹੀਂ ਪਤੈ ਤੂੰ ਅਜੇ...।" (ਉਹੀ, ਪੰਨਾ-106)*

ਇਉਂ ਗੰਧਲੀ ਸੋਚ ਦੇ ਧਾਰਨੀ ਰਾਜਨੀਤਕ ਲੀਡਰ ਹਰ ਹੱਥ ਕੰਡਾ ਵਰਤ ਕੇ ਵੋਟਾਂ (ਦਲਿਤਾਂ) ਨੂੰ ਆਪਣੇ ਕਾਬੂ ਵਿਚ ਰੱਖਣ ਦਾ ਜਤਨ ਕਰਦੇ ਹਨ। ਦਲਿਤ ਆਪਣੀ ਆਰਥਕ ਹੀਣਤਾ ਤੇ ਜਹਾਲਤ ਕਰਕੇ ਨਰਕ ਦੇ ਕੀੜਿਆਂ ਵਾਂਗ ਰੀਂਗਦੇ ਰਹਿੰਦੇ ਹਨ। ਭਾਰਤੀ ਜਾਤੀ-ਜਮਾਤੀ ਸਮਾਜ ਸਦੀਆਂ ਤੋਂ ਦਲਿਤਾਂ/ਅਛੂਤਾਂ ਨੂੰ ਕੀੜੇ-ਮਕੌੜਿਆਂ ਵਾਂਗ ਹੀ ਪਰਿਭਾਸ਼ਤ ਕਰਦਾ ਰਿਹਾ ਹੈ। ਬੇਸ਼ਕ ਬਹੁਤ ਸਾਰੇ ਸਮਾਜ ਸੁਧਾਰਕਾਂ ਦੇ ਯਤਨਾਂ ਸਦਕਾ ਦਲਿਤਾਂ/ਅਛੂਤਾਂ ਦਾ ਜੀਵਨ ਪੱਧਰ ਕੁਝ ਹੱਦ ਤਕ ਬਦਲ ਗਿਆ ਹੈ ਪਰ ਅਜੇ ਵੀ ਦਲਿਤ ਪੂਰੀ ਤਰ੍ਹਾਂ ਭਾਰਤੀ ਸਮਾਜ ਦੇ ਕੇਂਦਰ ਵਿਚ ਨਹੀਂ ਆ ਸਕੇ। ਭਾਰਤੀ ਸਮਾਜ ਦਾ ਇਹ ਸੰਕਟ ਰਿਹਾ ਹੈ ਕਿ ਇਹ ਸਮਾਜ ਬੁਨਿਆਦੀ ਤੌਰ 'ਤੇ ਜਾਤੀ-ਜਮਾਤੀ ਸੰਸਥਾ ਹੈ। ਕੁਝ ਸੋਚਵਾਨ ਜਾਤੀ ਵਰਤਾਰੇ ਨੂੰ ਭਾਰਤੀ ਸਮਾਜ ਵਿਚ ਉਤਪਾਦਨ ਦੀ ਨਿਮਨ ਕਿਰਤ ਪ੍ਰਕਿਰਿਆ ਨਾਲ ਜੋੜਦੇ ਹਨ। ਮਨੁੱਖੀ ਸ਼ੋਸ਼ਣ ਦੇ ਲਈ ਇਹ ਜਾਤੀ ਵਰਤਾਰਾ ਸੰਸਥਾਗਤ ਰੂਪ

ਵਿਚ ਪਰਪੱਕ ਅਤੇ ਅਟੱਲ-ਅਬਦਲ ਹੈ। ਇਹ ਵੰਚਿਤ ਲੋਕਾਂ ਨੂੰ ਅਜਿਹੇ ਹੀਣੇ, ਨਿਮਨ ਦਰਜੇ ਦੇ ਬਣਾ ਕੇ ਉਸ ਵਿਚੋਂ ਮਨੁੱਖੀ ਗੌਰਵ, ਸਵੈ-ਸਨਮਾਨ ਖ਼ਤਮ ਕਰ ਦਿੰਦਾ ਹੈ ਤੇ ਉਨ੍ਹਾਂ ਨੂੰ ਹਾਸ਼ੀਆਕ੍ਰਿਤ ਪ੍ਰਾਣੀਆਂ ਵਿਚ ਬਦਲ ਦਿੰਦਾ ਹੈ। ਇਹ ਹਾਸ਼ੀਆਕ੍ਰਿਤ ਪ੍ਰਾਣੀ ਹੀ ਦਲਿਤ ਹੈ ਜਿਹੜਾ ਆਰਥਿਕਤਾ ਦੇ ਨਾਲ-ਨਾਲ ਸਮਾਜਕ, ਸਭਿਆਚਾਰਕ, ਧਾਰਮਿਕ, ਮਾਨਸਿਕ, ਰਾਜਨੀਤਕ ਅਤੇ ਜਾਤੀ ਸ਼ੋਸ਼ਣ ਦਾ ਸ਼ਿਕਾਰ ਰਿਹਾ ਹੈ।[1] ਇਸ ਸ਼ੋਸ਼ਣ ਤੋਂ ਨਜ਼ਾਤ ਪਾਉਣ ਲਈ ਤੇ ਮਾਨਵੀ ਗੌਰਵ ਪ੍ਰਾਪਤ ਕਰਨ ਲਈ ਦਲਿਤ ਕੋਈ ਨਾ ਕੋਈ ਰਾਹ ਲੱਭਣ ਦੀ ਚੇਸ਼ਟਾ ਕਰਦੇ ਹਨ ਪਰ ਅਖ਼ੌਤੀ ਸਵਰਨ ਜਾਤੀਆਂ ਉਨ੍ਹਾਂ ਨੂੰ ਅਜਿਹਾ ਰਾਹ ਕਿਸੇ ਵੀ ਕੀਮਤ 'ਤੇ ਲੱਭਣ ਨਹੀਂ ਦਿੰਦੀਆਂ। ਹੱਥਲੀ ਕਹਾਣੀ ਦਾ ਪਾਤਰ ਗੁਰਬਾਜ ਵੀ ਇਸ ਸ਼ੋਸ਼ਣ ਤੋਂ ਬਚਣ ਲਈ ਹੀ ਰਾਜਨੀਤੀ ਵਿਚ ਜਾਣਾ ਚਾਹੁੰਦਾ ਹੈ। ਲੋਕ ਭਲਾਈ ਦੇ ਕੰਮ ਕਰਕੇ ਉਹ ਆਪਣੇ ਦਲਿਤ ਭਾਈਚਾਰੇ ਦੇ ਕਸ਼ਟਾਂ ਨੂੰ ਘਟ ਕਰਨਾ ਲੋਚਦਾ ਹੈ। ਇਸੇ ਕਰਕੇ ਉਹ ਬਲਵੰਤ ਸਿੰਘ ਸਮੁੰਦਰੀ ਦੀ ਪਾਰਟੀ ਦਾ ਸਰਗਰਮ ਵਰਕਰ ਬਣ ਕੇ ਕੰਮ ਕਰਦਾ ਹੈ। ਪਰ ਉਸੇ ਦੇ ਪਿੰਡ ਦੇ ਨੰਬਰਦਾਰ ਨੂੰ ਗੁਰਬਾਜ ਦਾ ਸਮੁੰਦਰੀ ਪਾਰਟੀ ਵਿਚ ਆਉਣਾ ਫੁੱਟੀ ਅੱਖ ਨਹੀਂ ਭਾਉਂਦਾ। ਉਹ ਅਹਿਸਤਾ-ਅਹਿਸਤਾ ਗੁਰਬਾਜ ਨੂੰ ਉਸੇ ਨਰਕ ਦਾ ਕੀੜਾ ਬਣਾਉਣਾ ਚਾਹੁੰਦਾ ਹੈ ਜਿਸ ਵਿਚੋਂ ਗੁਰਬਾਜ ਉਭਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਸੇ ਖਹਿਬਾਜ਼ੀ ਕਾਰਨ ਹੀ ਨੰਬਰਦਾਰ, ਗੁਰਬਾਜ ਦੀ ਵਿਧਵਾ ਭਰਜਾਈ ਦੀ ਪੰਜ ਕਿਲੇ ਜ਼ਮੀਨ 'ਤੇ ਕਬਜ਼ਾ ਕਰ ਲੈਂਦਾ ਹੈ। ਗੁਰਬਾਜ ਤੇ ਕਿਸਾਨ ਯੂਨੀਅਨ ਵਾਲੇ ਆਪਣੀ ਪੂਰੀ ਵਾਹ ਲਾਉਂਦੇ ਹਨ ਪਰ ਨੰਬਰਦਾਰ ਤੇ ਬਲਵੰਤ ਸਿੰਘ ਸਮੁੰਦਰੀ ਆਪਣੀਆਂ ਸਿਆਸੀ ਤਿਕੜਮ-ਬਾਜ਼ੀਆਂ ਚੱਲ ਕੇ ਗੁਰਬਾਜ ਨੂੰ ਆਪਣੇ ਹੱਕ ਵਿਚ ਭੁਗਤਾਅ ਕੇ ਜ਼ਮੀਨ ਨੰਬਰਦਾਰ ਦੇ ਨਾਂ ਕਰਵਾ ਲੈਂਦੇ ਹਨ। ਨੰਬਰਦਾਰ ਨੂੰ ਜ਼ਮੀਨ ਦੀ ਮਾਲਕੀ ਦਵਾਉਣ ਲਈ ਬਲਵੰਤ ਸਿੰਘ ਸਮੁੰਦਰੀ (ਰਾਜ ਮੰਤਰੀ) ਆਪ ਗੁਰਬਾਜ ਦੇ ਘਰ ਚਿੱਕੜ ਭਰੀਆਂ ਗਲੀਆਂ ਵਿਚੋਂ ਲੰਘ ਕੇ ਆਉਂਦਾ ਹੈ। ਗੁਰਬਾਜ ਨੂੰ ਸਰਦਾਰ ਦਾ ਉਸ ਦੇ ਘਰ ਆਉਣਾ ਬਹੁਤ ਵੱਡਾ ਕਾਰਜ ਲਗਦਾ ਹੈ। ਗੁਰਬਾਜ ਨੂੰ ਲਗਦਾ ਹੈ ਕਿ ਸਰਦਾਰ ਦੀ ਕਿਰਪਾ ਨਾਲ ਉਸ ਦਾ ਸਿਆਸੀ ਭਵਿੱਖ ਰੌਸ਼ਨ ਹੈ। ਇਸ ਲਈ ਜਦੋਂ ਸਰਦਾਰ ਗੁਰਬਾਜ ਨੂੰ ਉਸ ਦੀ ਵਿਧਵਾ ਭਰਜਾਈ ਦੀ ਜ਼ਮੀਨ ਬਦਲੇ ਨੰਬਰਦਾਰ ਦੇ ਵਿਰੁੱਧ ਕੀਤਾ ਕੇਸ ਵਾਪਸ ਲੈਣ ਲਈ ਗੁੱਝੀ ਰਮਜ਼ ਮਾਰਦਾ ਹੈ ਤਾਂ ਗੁਰਬਾਜ ਕਹਿੰਦਾ ਹੈ:

> *"ਸਰਦਾਰ ਜੀ... ਕੇਸ ਕੀ... ਤੁਸੀਂ ਕਹੋਂ ਅਸੀਂ ਜ਼ਮੀਨ ਈ ਛੱਡ ਦਿਨੇ ਆਂ ਜੀ... ਨੰਬਰਦਾਰ ਆਪਣੀ ਪਾਰਟੀ ਦਾ ਬੰਦਾ ਜੀ... ਜੀ*

*ਆਪਾਂ... ਆਪਾਂ ਪਾਲਟੀ ਲਈ... ਤੁਸੀਂ ਦੱਸੋ ਕਰਨਾ ਕੀ ਆ ਜੀ... ਜ਼ਮੀਨ ਸੌਅਰੀ ਦਾ ਕੀ ਆ ਜੀ... ਜਿਥੇ ਕਹੋਂ ਹਾਜ਼ਰ ਆਂ ਜੀ...।"*

*(ਉਹੀ, ਪੰਨਾ-107)*

ਬਲਵੰਤ ਸਿੰਘ ਸਮੁੰਦਰੀ ਤੇ ਨੰਬਰਦਾਰ ਆਪਣੀਆਂ ਸਿਆਸੀ ਚਾਲਾਂ ਚੱਲ ਕੇ ਪੰਜ ਕਿੱਲੇ ਜ਼ਮੀਨ ਦੇ ਮਾਲਕ ਬਣ ਜਾਂਦੇ ਹਨ। ਗੁਰਬਾਜ ਨੂੰ ਲਗਦਾ ਹੈ ਕਿ ਪੰਜ ਕਿੱਲਿਆਂ ਦੇ ਬਦਲੇ ਉਸ ਨੂੰ ਐਮ.ਐਲ.ਏ. ਦੀ ਸੀਟ ਮਿਲ ਜਾਵੇਗੀ ਪਰ ਇਹ ਉਸ ਦੀ ਭ੍ਰਾਂਤੀ ਹੀ ਹੈ। ਗੁਰਬਾਜ ਆਪ ਹੀ ਸਮੁੰਦਰੀ ਪਾਰਟੀ ਲਈ ਇਕ ਸੁਹਿਰਦ ਵਰਕਰ ਵਾਂਗ ਕੰਮ ਨਹੀਂ ਕਰਦਾ ਸਗੋਂ ਆਪਣੇ ਪੁੱਤਰ ਨਵੀ ਨੂੰ ਵੀ ਪੜ੍ਹਨੋਂ ਹਟਾ ਕੇ ਪਾਰਟੀ ਦਾ ਇਕ ਸਰਗਰਮ ਵਰਕਰ ਬਣਾ ਦਿੰਦਾ ਹੈ। ਪਾਰਟੀ ਦੇ ਜਲਸਿਆਂ ਲਈ ਉਹ ਆਪਣੀ ਜ਼ਮੀਨ ਗਹਿਣੇ ਕਰਕੇ ਨਵੀ ਨੂੰ ਜੀਪ ਲੈ ਕੇ ਦਿੰਦਾ ਹੈ ਤਾਂ ਜੋ ਜਲਸਿਆਂ ਵਿਚ ਬੰਦੇ (ਵੋਟਾਂ) ਪਹੁੰਚਾਏ ਜਾ ਸਕਣ। ਗੁਰਬਾਜ ਸਰਦਾਰ ਬਲਵੰਤ ਸਿੰਘ ਸਮੁੰਦਰੀ ਨਾਲ ਅਜਿਹੀ ਵਫ਼ਾਦਾਰੀ ਪਾਲਦਾ ਹੈ ਜਿਹੋ ਜਿਹੀ ਪਿਛਲੀਆਂ ਤਿੰਨ ਪੀੜ੍ਹੀਆਂ ਤੋਂ ਉਸ ਦੇ ਪੁਰਖੇ ਪਾਲਦੇ ਆਏ ਸਨ। ਪਰ ਸਥਿਤੀ ਦਾ ਵਿਅੰਗ ਇਹ ਹੈ ਕਿ ਸਿਵਾ ਧੋਖੇ ਤੇ ਜਲਾਲਤ ਦੇ ਨਾ ਉਹਦੇ ਪੁਰਖਿਆਂ ਨੂੰ ਕੁਝ ਮਿਲਿਆ ਹੈ ਨਾ ਗੁਰਬਾਜ ਨੂੰ ਮਿਲਣ ਵਾਲਾ ਹੈ। ਕਹਾਣੀ ਵਿਚ ਸਥਿਤੀ ਅਜਿਹੀ ਵੀ ਆਉਂਦੀ ਹੈ ਕਿ ਬਲਵੰਤ ਸਿੰਘ ਸਮੁੰਦਰੀ ਦੇ ਭਰਾ ਕੋਲੋਂ ਕਿਸੇ ਬੰਦੇ ਦਾ ਕਤਲ ਹੋ ਜਾਂਦਾ ਹੈ। ਗੁਰਬਾਜ ਸਮੁੰਦਰੀ ਦੇ ਕਹਿਣ 'ਤੇ ਉਸ ਕਤਲ ਦੀ ਜ਼ਿੰਮੇਵਾਰੀ ਆਪ ਲੈ ਲੈਂਦਾ ਹੈ। ਭਾਈਚਾਰੇ ਦੇ ਕਹਿਣ 'ਤੇ ਵੀ ਗੁਰਬਾਜ ਕਿਸੇ ਦੀ ਨਹੀਂ ਸੁਣਦਾ। ਕਤਲ ਕੇਸ ਵਿਚ ਫੜੇ ਜਾਣ 'ਤੇ ਉਸ ਨੂੰ ਦੋ ਸਾਲਾਂ ਬਾਅਦ ਜ਼ਮਾਨਤ 'ਤੇ ਰਿਹਾਈ ਮਿਲਦੀ ਹੈ। ਕੇਸ ਵੀ ਉਸ ਨੂੰ ਖ਼ੁਦ ਪੈਸੇ ਖ਼ਰਚ ਕੇ ਲੜਨਾ ਪੈਂਦਾ ਹੈ:

*"ਉਦੋਂ ਬਲਵੰਤ ਸਿੰਘ ਸਮੁੰਦਰੀ ਨੇ ਉਸਨੂੰ ਸਰਕਾਰੀ ਰੈਸਟ ਹਾਊਸ ਵਿਚ ਸੱਦਿਆ। ਉਸ ਨਾਲ ਦਾਰੂ ਪੀਤੀ। ਡੀ.ਸੀ. ਤੇ ਐਸ.ਐਸ.ਪੀ. ਨਾਲ ਬੈਠੇ ਸੀ। ਅਗਲੇ ਦਿਨ ਪੁਲਿਸ ਗੁਰਬਾਜ ਨੂੰ ਘਰੋਂ ਲੈ ਗਈ ਤਾਂ ਉਹ ਦੋ ਸਾਲ ਬਾਅਦ ਜ਼ਮਾਨਤ ਹੋਈ ਤੋਂ ਹੀ ਘਰ ਮੁੜਿਆ। ਕੇਸ ਅਜੇ ਵੀ ਚੱਲ ਰਿਹੈ। ਗੁਰਬਾਜ ਲਈ ਚੰਡੀਗੜ੍ਹ ਨਿਆਈਆਂ ਬਣ ਗਿਆ। ਸਰਦਾਰਾਂ ਨੇ ਉਸ ਨੂੰ ਚੰਡੀਗੜ੍ਹ ਦਾ ਟੌਪ ਦਾ ਵਕੀਲ ਕਰਵਾ ਤਾ। ਪਰ ਉਸਦੀ ਫੀਸ ਤਾਰਨ ਲੱਗਿਆਂ ਗੁਰਬਾਜ ਨੂੰ ਦੋ ਕਿਲੇ ਨੰਬਰਦਾਰ ਕੋਲ ਬੈਅ ਕਰਨੇ ਪਏ।"*

*(ਉਹੀ, ਪੰਨਾ-109)*

ਇਉਂ ਕਹਾਣੀ ਉਨ੍ਹਾਂ ਅਤਿ-ਦੁਖਾਂਤਿਕ ਸਥਿਤੀਆਂ ਨੂੰ ਪਾਠਕ ਦੇ ਸਨਮੁਖ ਕਰਦੀ ਹੈ ਜਿਨ੍ਹਾਂ ਦੀ ਗ੍ਰਿਫ਼ਤ ਵਿਚ ਆਏ ਦਲਿਤ ਆਪਣੇ ਪੈਰੀਂ ਆਪ ਕੁਹਾੜਾ ਮਾਰ ਰਹੇ ਹਨ। ਇਹ 'ਸੱਚ' ਪੇਂਡੂ ਸਮਾਜ ਦਾ ਨਾਟਾਲਣਯੋਗ 'ਸੱਚ' ਹੈ। ਪਿੰਡਾਂ ਵਿਚ ਅਕਸਰ ਅਜਿਹੀਆਂ ਘਟਨਾਵਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ ਜਿਨ੍ਹਾਂ ਵਿਚ ਜੱਟ ਵਰਗ ਆਪ ਕਤਲ ਕਰਕੇ ਦਲਿਤਾਂ ਨੂੰ ਝੂਠੇ ਕਤਲ ਕੇਸਾਂ ਵਿਚ ਫਸਾ ਦਿੰਦੇ ਹਨ ਤੇ ਉਹ ਕਈ-ਕਈ ਸਾਲ ਜੇਲ੍ਹਾਂ ਵਿਚ ਸੜਦੇ ਰਹਿੰਦੇ ਹਨ। ਅਜਿਹੀ ਹੀ ਸਥਿਤੀ ਗੁਰਬਾਜ ਦੀ ਹੈ। ਗੁਰਬਾਜ ਨਰਕ ਵਰਗੇ ਦੋ ਸਾਲ ਜੇਲ੍ਹ ਵਿਚ ਹੀ ਨਹੀਂ ਕੱਟਦਾ ਸਗੋਂ ਉਸ ਦੀ ਜ਼ਮੀਨ ਵੀ ਨੰਬਰਦਾਰ ਹਥਿਆ ਲੈਂਦਾ ਹੈ। ਐਨਾ ਕੁਝ ਹੋਣ ਦੇ ਬਾਵਜੂਦ ਵੀ ਗੁਰਬਾਜ ਨੰਬਰਦਾਰ ਤੇ ਸਰਦਾਰ ਸਮੁੰਦਰੀ ਵਰਗੇ ਚਾਲਬਾਜ਼ਾਂ ਦੀਆਂ ਸਿਆਸੀ ਤਿਕੜਮ-ਬਾਜ਼ੀਆਂ ਨੂੰ ਨਹੀਂ ਸਮਝਦਾ ਸਗੋਂ ਝੂਠੇ ਭਰਮ ਜਾਲ ਵਿਚ ਹੀ ਫਸਿਆ ਰਹਿੰਦਾ ਹੈ। ਗੁਰਬਾਜ ਨੂੰ ਆਰਥਕ ਪੱਖੋਂ ਨਕਾਰਾ ਕਰਨ ਦੇ ਬਾਵਜੂਦ ਵੀ ਨੰਬਰਦਾਰ ਆਖਦਾ ਹੈ:

> *"ਗੁਰਬਾਜ ਸਿਹਾਂ ਸਰਦਾਰ ਤੇਰੀ ਬਹੁਤ ਕਦਰ ਕਰਦੇ ਆ... ਤੂੰ ਡੱਟਿਆ ਰਹੀਂ... ਮੈਂ ਤੈਨੂੰ ਅੰਦਰਲੀ ਗੱਲ ਦੱਸਾਂ... ਤੂੰ ਐਮ.ਐਲ.ਏ. ਦੀ ਟਿਕਟ ਪੱਕੀ ਸਮਝ...। ਨੰਬਰਦਾਰ ਦੇ ਨਾਂ ਜ਼ਮੀਨ ਦੀ ਰਜਿਸਟਰੀ ਕਰਵਾ ਕੇ ਤਹਿਸੀਲੋਂ ਨਿਕਲਦਿਆਂ ਨੰਬਰਦਾਰ ਦੇ ਕਹੇ ਬੋਲਾਂ ਨੇ ਉਸਦਾ ਮੂੰਹ ਮਿੱਠਾ ਕਰ ਦਿੱਤਾ ਸੀ।"* (ਉਹੀ, ਪੰਨਾ-109)

ਨੰਬਰਦਾਰ ਤੇ ਸਮੁੰਦਰੀ ਇਕੱਲੇ ਗੁਰਬਾਜ ਨੂੰ ਹੀ ਆਪਣੀਆਂ ਸਿਆਸੀ ਤਿਕੜਮ-ਬਾਜ਼ੀਆਂ ਦਾ ਸ਼ਿਕਾਰ ਨਹੀਂ ਬਣਾਉਂਦੇ ਸਗੋਂ ਉਸ ਦੇ ਪੁੱਤਰ 'ਨਵੀ' ਨੂੰ ਵੀ ਜਲਸੇ ਦੌਰਾਨ ਸਰਕਾਰੀ ਮਸ਼ੀਨਰੀ ਦੀ ਭੰਨ-ਤੋੜ ਦੇ ਕੇਸ ਵਿਚ ਫਸਾ ਕੇ ਜੇਲ੍ਹ ਭੇਜ ਦਿੰਦੇ ਹਨ। ਲੰਬੇ ਸਮੇਂ ਦੀ ਖੱਜਲ-ਖੁਆਰੀ ਤੋਂ ਬਾਅਦ ਉਹ ਜੇਲ੍ਹੋਂ ਛੁਟਦਾ ਹੈ ਪਰ ਕੇਸ ਚਲਦਾ ਰਹਿੰਦਾ ਹੈ। ਨਵੀ ਇਕ ਸੜਕ ਦੁਰਘਟਨਾ ਵਿਚ ਮਾਰਿਆ ਜਾਂਦਾ ਹੈ। ਸਭ ਰਿਸ਼ਤੇਦਾਰਾਂ ਦੇ ਆਉਣ ਦੇ ਬਾਵਜੂਦ ਵੀ ਗੁਰਬਾਜ ਨਵੀ ਦੀ ਦੇਹ ਦਾ ਦਾਹ ਸੰਸਕਾਰ ਸਰਦਾਰ ਦੇ ਆਉਣ 'ਤੇ ਹੀ ਕਰਨਾ ਚਾਹੁੰਦਾ ਹੈ। ਗੁਰਬਾਜ ਮਾਨਸਿਕ ਤੌਰ 'ਤੇ ਪੁਤਰ ਦੀ ਮੌਤ ਨੂੰ ਐਡਾ ਵੱਡਾ ਨਹੀਂ ਸਮਝਦਾ ਜਿੰਨਾ ਵੱਡਾ ਉਸ ਨੂੰ ਸਰਦਾਰ ਦਾ ਆਪਣੇ ਘਰੇ ਆਉਣਾ ਲਗਦਾ ਹੈ। ਸੱਥਰ 'ਤੇ ਬੈਠੇ ਰਿਸ਼ਤੇਦਾਰ ਗੁਰਬਾਜ ਨਾਲ ਨਵੀ ਦੀਆਂ ਗੱਲਾਂ ਕਰਨਾ ਚਾਹੁੰਦੇ ਹਨ

ਪਰ ਗੁਰਬਾਜ ਹਰ ਵਾਰ ਗੱਲ ਟਾਲ ਕੇ ਸਰਦਾਰ ਦੀਆਂ ਗੱਲਾਂ ਛੇੜ ਲੈਂਦਾ ਹੈ। ਉਹ ਆਖਦਾ ਹੈ:

*"ਬੱਸ... ਸਰਦਾਰ ਜੀ ਆ ਹੀ ਰਹੇ ਨੇ ਉਨ੍ਹਾਂ ਦੇ ਆਉਂਦੇ ਹੀ... ਹੁਣ ਉਨ੍ਹਾਂ ਤੋਂ ਬਿਨਾਂ ਮੈਂ ਕਿਵੇਂ... ਮੈਂ ਤਾਂ ਕਦੇ ਮੱਝ ਗਾਂ ਨੀ ਸਰਦਾਰ ਤੋਂ ਪੁੱਛੇ ਬਿਨਾਂ ਵੇਚੀ... ਅੱਜ ਆਪਣੇ ਪੁੱਤ ਨੂੰ ਕਿਵੇਂ ਤੋਰ ਦਿਆਂ...।"*

*(ਉਹੀ ਪੰਨਾ-112)*

ਗੁਰਬਾਜ਼ ਦਾ ਇਹ ਸੰਕਟ ਹੈ ਕਿ ਉਹ ਸਰਦਾਰ ਨੂੰ ਆਪਣਾ ਕਰਤਾ ਧਰਤਾ ਸਮਝਦਾ ਹੈ ਤੇ ਸਮਝੇ ਵੀ ਕਿਉਂ ਨਾ ਕਿਉਂਕਿ ਸਰਦਾਰ ਲਈ ਉਸ ਨੇ ਹਰ ਕੁਰਬਾਨੀ ਜੁ ਦਿੱਤੀ ਹੈ। ਦੂਜੇ ਪਾਸੇ ਸਰਦਾਰ ਹੈ ਜਿਹੜਾ ਗੁਰਬਾਜ ਵਰਗਿਆਂ ਨੂੰ ਕੀੜੇ-ਮਕੌੜਿਆਂ ਤੋਂ ਵਧ ਕੁਝ ਨਹੀਂ ਸਮਝਦਾ। ਇਹ ਨਾ ਗੁਰਬਾਜ ਨੂੰ ਪਤਾ ਹੈ ਨਾ ਪਾਠਕ ਨੂੰ ਕਿਉਂਕਿ ਕਹਾਣੀ ਇਸ ਰਹੱਸ ਨੂੰ ਅੰਤ ਤਕ ਬਣਾਈ ਰਖਦੀ ਹੈ। ਨੰਬਰਦਾਰ ਨੂੰ ਇਸ ਸਭ ਦਾ ਪਤਾ ਹੈ ਉਹ ਇਸੇ ਲਈ ਨਵੀ ਦੇ ਸੱਥਰ 'ਤੇ ਬੈਠਾ ਵੀ ਆਪਣੀਆਂ ਸਿਆਸੀ ਚਾਲਾਂ ਚਲ ਰਿਹਾ ਹੈ। ਜਿਸ ਭ੍ਰਾਂਤੀ 'ਚ ਗੁਰਬਾਜ ਜਿਉਂ ਰਿਹਾ ਹੈ ਨੰਬਰਦਾਰ ਉਸ ਨੂੰ ਹੋਰ ਬਲ ਦੇਣ ਲਈ ਆਖਦਾ ਹੈ:

*"ਗੁਰਬਾਜ ਸਿਹਾਂ.. ਆ ਲੈਣ ਦੇ ਸਰਦਾਰ ਨੂੰ ਮੈਂ ਤੇਰੀ ਐਮ.ਐਲ.ਏ. ਦੀ ਟਿਕਟ ਦਾ ਅਲਾਣ ਅੱਜ ਈ ਕਰਾ ਦੂੰ... ਤੂੰ ਕਾਹਲ ਨਾ ਕਰ... ਸਰਦਾਰ ਨੂੰ ਡੀਕ... ਹੈਂ... ਜੋ ਹੋਣਾ ਸੀ ਸੋ ਹੋ ਗਿਆ... ਤੂੰ ਅੱਗਾ ਸਾਂਭ... ਅੱਜ ਮੌਕਾ ਆ...।"* *(ਉਹੀ, ਪੰਨਾ-113)*

ਇਸ ਤਰ੍ਹਾਂ ਕਹਾਣੀ ਬੰਦੇ ਦੇ ਅਵਚੇਤਨੀ ਧਰਾਤਲ ਤੋਂ ਅਜਿਹੀਆਂ ਮਾਨਸਿਕ ਗ੍ਰੰਥੀਆਂ ਨੂੰ ਪਾਠਕ ਦੇ ਦ੍ਰਿਸ਼ਟੀਗੋਚਰ ਕਰਦੀ ਹੈ ਜਿਨ੍ਹਾਂ ਦੀ ਗ੍ਰਿਫ਼ਤ ਵਿਚ ਆਇਆ ਬੰਦਾ ਝੂਠੀ ਸ਼ਾਨ ਲਈ ਆਪਣੀ ਔਲਾਦ ਦੀ ਮੌਤ ਦੀ ਵੀ ਪ੍ਰਵਾਹ ਨਹੀਂ ਕਰਦਾ ਸਗੋਂ ਉਸ ਨੂੰ ਪੌੜੀ ਵਾਂਗ ਇਸਤੇਮਾਲ ਕਰਨਾ ਚਾਹੁੰਦਾ ਹੈ। ਕਹਾਣੀ ਇਹ ਨੁਕਤਾ ਬੜੀ ਸ਼ਿੱਦਤ ਨਾਲ ਉਠਾਉਂਦੀ ਹੈ ਕਿ ਰਾਜਨੀਤਕ ਬੰਦੇ ਅਸਲ ਵਿਚ ਅਜਿਹੀ ਕਿਸਮ ਦੇ ਹੀ ਹੁੰਦੇ ਹਨ ਜੋ ਲੋਕਾਂ ਦੀ ਹਮਦਰਦੀ ਨੂੰ ਰਾਜਨੀਤਕ ਲਾਹਾ ਲੈਣ ਲਈ ਵਰਤਦੇ ਹਨ ਤੇ ਸੱਤਾ 'ਤੇ ਕਾਬਜ਼ ਹੋ ਜਾਂਦੇ ਹਨ। ਕਹਾਣੀ ਵਿਚ ਅਜਿਹਾ ਹੀ ਇਕ ਉਪ-ਬਿਰਤਾਂਤਕ ਵੇਰਵਾ ਆਉਂਦਾ ਹੈ ਜਿਸ ਵਿਚ ਅਸੀਂ ਵੇਖਦੇ

ਹਾਂ ਕਿ ਵੋਟਾਂ ਦੇ ਦਿਨਾਂ ਵਿਚ ਬਲਵੰਤ ਸਿੰਘ ਸਮੁੰਦਰੀ ਦਾ ਭਣਵੱਈਆ ਮਰ ਜਾਂਦਾ ਹੈ ਪਰ ਸਰਦਾਰ ਤੇ ਉਸ ਦੀ ਭੈਣ ਉਸ ਦੀ ਮੌਤ ਦਾ ਦੁਖ ਨਹੀਂ ਮਨਾਉਂਦੇ ਸਗੋਂ ਸਿਆਸੀ ਲਾਹਾ ਲੈਂਦੇ ਹਨ। ਲੋਕ ਅਜਿਹੀ ਹਮਦਰਦੀ ਜਤਾਉਂਦੇ ਹਨ ਕਿ ਸਮੁੰਦਰੀ ਦੀ ਭੈਣ ਪਹਿਲੀ ਵਾਰ ਹੀ ਐਮ.ਐਲ.ਏ. ਦੀ ਸੀਟ ਜਿੱਤ ਜਾਂਦੀ ਹੈ ਤੇ ਉਹ ਵੀ ਵੱਡੇ ਫ਼ਰਕ ਨਾਲ। ਇਸੇ ਤਰ੍ਹਾਂ ਹੀ 'ਨਵੀ' ਦੀ ਮੌਤ ਤੋਂ ਗੁਰਬਾਜ ਸਿਆਸੀ ਲਾਹਾ ਲੈਣਾ ਚਾਹੁੰਦਾ ਹੈ। ਪਰ ਅਜਿਹਾ ਹੋਣਾ ਸੰਭਵ ਨਹੀਂ ਕਿਉਂਕਿ ਗੁਰਬਾਜ ਕੋਈ ਪੂੰਜੀਪਤੀ ਨਹੀਂ ਸਗੋਂ ਆਰਥਕ ਪੱਖੋਂ ਹੀਣਾ ਕੀਤਾ ਦਲਿਤ ਹੈ। ਦਲਿਤਾਂ ਨਾਲ ਸਰਦਾਰਾਂ ਦਾ ਸੀਰ ਉਨ੍ਹੀਂ ਦੇਰ ਦਾ ਹੁੰਦਾ ਹੈ ਜਿੰਨੀ ਦੇਰ ਉਹ ਕੰਮ ਦੇ ਹੋਣ। ਜੇ ਕੰਮ ਦੇ ਨਾ ਰਹੇ ਤਾਂ ਫਿਰ ਸੀਰ ਕਾਹਦਾ? ਇਸ ਸੋਚ ਤਹਿਤ ਹੀ ਸਰਦਾਰ ਬਲਵੰਤ ਸਿੰਘ ਸਮੁੰਦਰੀ 'ਨਵੀ' ਦੇ ਦਾਹ ਸਸਕਾਰ 'ਤੇ ਆਉਣ ਦੀ ਬਜਾਏ ਆਪਣੇ ਘੋੜੇ ਦੀ ਦੌੜ ਵੇਖਣ ਲਈ ਚੰਡੀਗੜ੍ਹੋਂ ਬੰਗਲੌਰ ਚਲਾ ਜਾਂਦਾ ਹੈ। ਜਦੋਂ ਗੁਰਬਾਜ ਨੂੰ ਸਰਦਾਰ ਦੀ ਇਸ ਚਾਲ ਦਾ ਪਤਾ ਲਗਦਾ ਹੈ ਤਾਂ ਉਸ ਵਲੋਂ ਸਿਰਜੀ ਭ੍ਰਾਂਤੀ ਵੀ ਤਿੜਕ ਜਾਂਦੀ ਹੈ। ਸਰਦਾਰਾਂ ਤੇ ਨੰਬਰਦਾਰ ਵਲੋਂ ਸਿਰਜੇ ਸਿਆਸਤ ਦੇ ਭਰਮਜਾਲ ਵਿਚੋਂ ਜਦੋਂ ਗੁਰਬਾਜ ਬਾਹਰ ਆਉਂਦਾ ਹੈ ਤਾਂ ਉਸ ਨੂੰ ਅਹਿਸਾਸ ਹੁੰਦਾ ਹੈ ਕਿ ਸਭ ਕੁਝ ਖ਼ਤਮ ਹੋ ਗਿਆ। ਸਰਦਾਰ ਪ੍ਰਤੀ ਗੁਰਬਾਜ ਦੇ ਅੰਦਰ ਅਕ੍ਰੋਸ਼ ਪੈਦਾ ਹੁੰਦਾ ਹੈ। ਉਹ ਸਰਦਾਰ ਨੂੰ ਬੁਰਾ ਭਲਾ ਕਹਿੰਦਾ ਹੋਇਆ ਬੇਹੋਸ਼ ਹੋ ਕੇ ਡਿੱਗ ਪੈਂਦਾ ਹੈ। ਕਹਾਣੀ ਖ਼ਤਮ ਹੋ ਜਾਂਦੀ ਹੈ ਤੇ ਸਵਾਲ ਪਾਠਕ ਦੇ ਅੰਦਰ ਪ੍ਰਸ਼ਨ ਚਿੰਨ੍ਹ ਬਣ ਕੇ ਖੜੇ ਹੋ ਜਾਂਦੇ ਹਨ। ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਲਈ ਪਾਠਕ ਕਿਰਿਆ ਵਿਚ ਪੈ ਜਾਂਦਾ ਹੈ। ਪਾਠਕ ਨੂੰ ਕਿਰਿਆ ਵਿਚ ਪਾਉਣਾ ਹੀ ਕਹਾਣੀ ਦੀ ਪ੍ਰਾਪਤੀ ਨਜ਼ਰ ਆਉਂਦੀ ਹੈ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ 'ਘੋੜ ਦੌੜ ਜਾਰੀ ਹੈ' ਕਹਾਣੀ ਸਮਕਾਲੀ ਪੇਂਡੂ ਸਮਾਜਕ ਧਰਾਤਲ 'ਤੇ ਕਾਰਜਸ਼ੀਲ ਅਤਿ-ਦੁਖਾਂਤਿਕ ਸਥਿਤੀਆਂ ਨੂੰ ਪਾਠਕ ਦੇ ਰੂ-ਬ-ਰੂ ਕਰਦੀ ਹੈ ਜਿਹੜੀਆਂ ਸਦੀਆਂ ਤੋਂ ਦਲਿਤ ਵਰਗਾਂ ਦੇ ਕਸ਼ਟਾਂ ਦੀਆਂ ਸਿਰਜਕ ਬਣਦੀਆਂ ਆ ਰਹੀਆਂ ਹਨ। ਪੰਜਾਬ ਦੇ ਪੇਂਡੂ ਅਰਥਚਾਰੇ ਵਿਚ ਵਿਚਰ ਰਹੇ ਦਲਿਤ ਵਰਗਾਂ ਦਾ ਸੰਕਟ ਬੜਾ ਵੱਡਾ ਸੰਕਟ ਹੈ। ਅਖੌਤੀ ਸਵਰਨ ਜਾਤੀਆਂ ਦੇ ਪੂੰਜੀਪਤੀ ਭ੍ਰਿਸ਼ਟ ਨੇਤਾ ਕਿਵੇਂ ਦਲਿਤ ਵਰਗਾਂ ਨੂੰ ਹਰ ਹਰਬਾ ਵਰਤ ਕੇ ਹਰ ਪੱਖੋਂ ਹੀਣਾ ਕਰਕੇ ਆਪਣੇ ਸ਼ੋਸ਼ਣ ਦਾ ਸ਼ਿਕਾਰ ਬਣਾਉਂਦੇ ਹਨ ਅਤੇ ਆਪਣੀਆਂ ਸਿਆਸੀ ਰੋਟੀਆਂ ਸੇਕਦੇ ਹਨ। ਇਹ ਸਭ ਕੁਝ ਇਸ ਕਹਾਣੀ ਦੇ ਫ਼ੋਕਸ ਵਿਚ ਨਜ਼ਰ ਆਉਂਦਾ ਹੈ। ਕਹਾਣੀ ਇਹ ਮੁੱਦਾ ਬੜੇ ਜ਼ੋਰ ਨਾਲ ਅਗਰਭੂਮਿਤ ਕਰਦੀ ਹੈ ਕਿ ਹਜ਼ਾਰਾਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਕੌੜਾ ਸੱਚ ਤਾਂ ਇਹ ਹੈ ਕਿ ਇੱਕੀਵੀਂ ਸਦੀ ਦੇ ਦੌਰਾਨ ਵੀ ਵਿਹੜਿਆਂ ਨੂੰ ਮੁਖ ਧਾਰਾ ਸਮਾਜ ਵਿਚ ਪ੍ਰਵੇਸ਼ ਹੋਣਾ

ਨਸੀਬ ਨਹੀਂ ਹੋਇਆ। ਵਿਹੜੇ ਉਵੇਂ ਦੇ ਉਵੇਂ ਬਣੇ ਹੋਏ ਆ ਰਹੇ ਹਨ। ਭਾਵੇਂ ਇਨ੍ਹਾਂ ਵਿਹੜਿਆਂ ਵਿਚ ਆਰਥਿਕਤਾ ਨੇ ਰੰਗ ਜ਼ਰੂਰ ਬਦਲ ਲਿਆ ਹੈ।[4] ਪਰ ਸਥਿਤੀਆਂ ਬਦਲਵੇਂ ਰੂਪ ਵਿਚ ਜਿਉਂ ਦੀਆਂ ਤਿਉਂ ਬਣੀਆਂ ਹੋਈਆਂ ਹਨ। ਕਹਾਣੀ ਸੰਚਾਰ ਕਰਦੀ ਹੈ ਕਿ ਆਪਣੀ ਹੋਂਦ ਨੂੰ ਉਭਾਰਣ ਤੇ ਆਪਣੀ ਜਾਤ ਬਰਾਦਰੀ ਦੀ ਭਲਾਈ ਦਾ ਖ਼ਾਬ ਵੇਖਣ ਲਈ ਰਾਜਨੀਤੀ ਦੇ ਮਾਰਗ ਨੂੰ ਅਪਣਾ ਕੇ ਵੀ ਨੀਵੀਆਂ ਜਾਤਾਂ ਦੇ ਹੱਥ-ਪੱਲੇ ਕੁਝ ਖ਼ਾਸ ਨਹੀਂ ਪੈਂਦਾ, ਕਿਉਂਕਿ ਸੱਤਾ ਪੂਜੀਦਾਰਾਂ ਦੀ ਰਖੇਲ ਰਹੀ ਹੈ। ਪੂੰਜੀਪਤੀਆਂ ਨਾਲ ਮੱਥਾ ਮਾਰਨਾ ਦਲਿਤਾਂ ਦੇ ਵਸ ਦੀ ਗੱਲ ਨਜ਼ਰ ਨਹੀਂ ਆਉਂਦੀ।[5] ਪਰ ਹਾਰ ਕੇ ਬੈਠਣ ਵਿਚ ਵੀ ਦਲਿਤਾਂ ਦੀਆਂ ਔਕੜਾਂ ਦਾ ਕੋਈ ਹੱਲ ਨਹੀਂ ਹੋਣਾ। ਇਨ੍ਹਾਂ ਔਕੜਾਂ ਦੇ ਜੂਲੇ ਨੂੰ ਲਾਹ ਕੇ ਵਗਾਹ ਮਾਰਨ ਵਿਚ ਹੀ ਦਲਿਤ ਵਰਗਾਂ ਦੇ ਰੌਸ਼ਨ ਭਵਿੱਖ ਨੂੰ ਤਸੱਵਰ ਕੀਤਾ ਜਾ ਸਕਦਾ ਹੈ। ਲੋੜ ਹੈ ਦਲਿਤ ਵਰਗਾਂ ਨੂੰ ਕਿ ਉਹ ਪੂਰਨ ਰੂਪ ਵਿਚ ਸਿੱਖਿਅਤ ਹੋਣ ਅਤੇ ਆਪਣੇ ਹੱਕਾਂ ਦੇ ਸਾਰਥਕ ਹੱਲ ਲਈ ਲਾਮਬੰਦ ਹੋਣ ਤਾਂ ਹੀ ਉਨ੍ਹਾਂ ਦੇ ਹਰ ਤਰ੍ਹਾਂ ਦੇ ਸ਼ੋਸ਼ਣ ਦੀ ਮੁਕਤੀ ਦਾ ਰਾਹ ਤਲਾਸ਼ਿਆ ਜਾ ਸਕਦਾ ਹੈ। ਲਾਮਬੰਦੀ ਤੇ ਚਿੰਤਨੀ ਦ੍ਰਿਸ਼ਟੀ ਦਾ ਰਾਹ ਹੀ ਉਨ੍ਹਾਂ ਦੇ ਰੌਸ਼ਨ ਭਵਿੱਖ ਵੱਲ ਜਾਂਦਾ ਜਾਪਦਾ ਹੈ। ਸਰਮਾਏਦਾਰਾਂ, ਭ੍ਰਿਸ਼ਟ ਲੀਡਰਾਂ ਨੂੰ ਮਾਤ ਦੇਣ ਲਈ ਉਨ੍ਹਾਂ ਵਿਰੁੱਧ ਲਾਮਬੰਦ ਸੰਘਰਸ਼ ਦੇ ਰੂਪ ਵਿਚ ਘੋੜ ਦੌੜ ਜਾਰੀ ਰੱਖਣ ਲਈ ਦਲਿਤ ਵਰਗਾਂ ਨੂੰ ਅਗਰਸਰ ਕਰਨ ਵਿਚ ਹੀ ਇਸ ਕਹਾਣੀ ਦਾ ਮੂਲ ਖ਼ਾਸਾ ਨਜ਼ਰ ਆਉਂਦਾ ਹੈ।

**ਹਵਾਲੇ ਤੇ ਟਿਪਣੀਆਂ :**


1. ਧਰਮਿੰਦਰ ਸਿੰਘ, ਸੱਤਾ ਦੇ ਭੰਜਨ ਦਾ ਪ੍ਰਵਚਨ, ਪੰਨਾ-17-18.
2. ਡਾ. ਸੁਰਜੀਤ ਸਿੰਘ, ਪੰਜਾਬੀ ਨਾਵਲ: ਦ੍ਰਿਸ਼ ਅਤੇ ਦ੍ਰਿਸ਼ਟੀ, ਪੰਨਾ-80.
3. ਡਾ. ਰਵਿੰਦਰ ਕੁਮਾਰ, ਔਰਤ ਤੇ ਦਲਿਤ, ਪੰਨਾ-45.
4. ਡਾ. ਰੌਣਕੀ ਰਾਮ, ਦਲਿਤ ਚੇਤਨਾ: ਸਰੋਤ ਤੇ ਸਰੂਪ, ਪੰਨਾ-194.
5. ਡਾ. ਜਸਵਿੰਦਰ ਕੌਰ ਬਿੰਦਰਾ, ਮਨੋਵਿਗਿਆਨ ਅਤੇ ਪੰਜਾਬੀ ਕਹਾਣੀ, ਪੰਨਾ-121.


•••


*-ਹਰਜਿੰਦਰ ਸਿੰਘ ਰਾਮ ਨਗਰ*

*ਪੰਜਾਬੀ ਵਿਭਾਗ*

*ਸਰਕਾਰੀ ਕਾਲਜ, ਸ੍ਰੀ ਮੁਕਤਸਰ ਸਾਹਿਬ*

*ਫ਼ੋਨ: 94638-35412*